ਤਹ ਹਮ ਅਧਿਕ ਤਪੱਸਿਆ ਸਾਧੀ

(ਗੁਰੂ ਗੋਬਿੰਦ ਸਿੰਘ ਜੀ)


# ਹੇਮਕੁੰਟ ਸਾਹਿਬ

ਯਾਤਰਾ ਗਾਈਡ 2018 (ਭੇਟਾ ਰਹਿਤ)


also available at
www.hemkunt.in

# Hemkunt Sahib Travel Guide 2018

(Complimentary)



www.idea-ads.com



# ਹੇਮਕੁੰਟ ਸਾਹਿਬ

ਚਮੋਲੀ, ਉੱਤਰਾਖੰਡ – 246422

www.hemkunt.in 30°41'58.0"N 79°36'53.9"E

ਦਸਮ ਪਾਤਸ਼ਾਹ, ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦੇ ਤਪ ਅਸਥਾਨ ਵਜੋਂ ਜਾਣੇ ਜਾਂਦੇ ਇਸ ਅਸਥਾਨ ਦਾ ਵਰਨਣ ਦਸਮ ਪਾਤਸ਼ਾਹ ਨੇ ਆਪਣੀ ਮਹਾਨ ਕ੍ਰਿਤ 'ਬਚਿੱਤਰ ਨਾਟਕ' ਵਿਚ ਵੀ ਕੀਤਾ ਹੈ। ਪਾਤਸ਼ਾਹ ਫੁਰਮਾਉਂਦੇ ਹਨ:

ਅਬ ਮੈ ਅਪਨੀ ਕਥਾ ਬਖਾਨੋ॥...
ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥
ਤਹ ਹਮ ਅਧਿਕ ਤਪੱਸਿਆ ਸਾਧੀ।

ਪਾਤਸ਼ਾਹ ਦੀ ਇਸ ਕ੍ਰਿਤ ਨੂੰ ਵਿਚਾਰਦਿਆਂ ਕੁਝ ਗੁਰਸਿੱਖਾਂ (ਸੰਤ ਸੋਹਣ ਸਿੰਘ ਜੀ ਟੀਹਰੀ ਵਾਲੇ, ਹਵਾਲਦਾਰ ਮੋਦਨ ਸਿੰਘ ਅਤੇ ਭਾਈ ਵੀਰ ਸਿੰਘ ਜੀ ਆਦਿ) ਨੇ ਸਿੱਖ ਸੰਗਤਾਂ ਦੀ ਮਦਦ ਨਾਲ ਇਸ ਅਸਥਾਨ ਦੀ ਖੋਜ ਕੀਤੀ।

ਉਤਰਾਖੰਡ ਸੂਬੇ ਦੇ ਸ਼ਹਿਰ ਹਰਿਦੁਆਰ ਤੋਂ ਅੰਦਾਜ਼ਨ 320 ਕਿ.ਮੀ. ਦੂਰ, ਸਮੁੰਦਰ ਤਲ ਤੋਂ ਅੰਦਾਜ਼ਨ 15 ਹਜਾਰ ਫੁੱਟ ਦੀ ਉਚਾਈ ਤੇ ਸਥਿਤ ਅਤੇ ਚੀਨ ਦੀ ਸਰਹੱਦ ਤੋਂ 35-40 ਕਿ.ਮੀ. ਦੂਰ, ਇਸ ਅਸਥਾਨ ਦੇ ਤਿੰਨ ਪਾਸੇ ਹੇਮਕੁੰਟ ਪਰਬਤ ਮਾਲਾ ਦੀਆਂ ਸੱਤ ਚੋਟੀਆਂ ਹਨ ਅਤੇ ਚੌਥੇ ਪਾਸੇ ਨੀਲਕੰਠ ਪਰਬਤ ਸਥਿਤ ਹੈ। ਸਾਲ ਵਿਚ 4-5 ਮਹੀਨੇ ਬਰਫ ਨਾਲ ਲੱਦੀਆਂ ਅਤੇ ਅਸਮਾਨ ਛੂੰਹਦੀਆਂ ਪਹਾੜੀ ਚੋਟੀਆਂ ਨਾਲ ਘਿਰੇ ਇਸ ਅਸਥਾਨ 'ਤੇ ਭਰ ਸਰਦੀਆਂ ਵਿਚ ਕਈ ਵਾਰ ਤਾਂ 30-35 ਫੁੱਟ ਤੀਕ ਬਰਫ ਪੈ ਜਾਂਦੀ ਹੈ। ਅਸਥਾਨ ਦੀ ਉਸਾਰੀ ਸੰਮਤ ਨਾਨਕਸ਼ਾਹੀ 468 (1936 ਈ:) ਵਿਚ ਹੋਈ



ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਅਗਸਤ-ਸਤੰਬਰ 1937 ਈ: ਵਿਚ ਕੀਤਾ ਗਿਆ। ਅੰਮ੍ਰਿਤ ਸਰੋਵਰ ਦੀ ਪਰਕਰਮਾ ਅੰਦਾਜ਼ਨ ਸਵਾ ਤੋਂ ਡੇਢ ਕਿ.ਮੀ. ਹੈ, ਸਰੋਵਰ ਦਾ ਜਲ ਸਰੋਤ ਪਹਾੜਾਂ ਤੇ ਪੈਣ ਵਾਲੀ ਬਰਫ ਹੈ ਤੇ ਜਲ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ।

**ਕੁਝ ਮਹੱਤਵਪੂਰਨ ਜਾਣਕਾਰੀਆਂ**

| | | |
|---|---|---|
| ਐੱਸ.ਟੀ.ਡੀ. | : | 01372 |
| ਨਜ਼ਦੀਕੀ ਏਅਰਪੋਰਟ | : | ਜੌਲੀਗ੍ਰਾਂਟ (ਦੇਹਰਾਦੂਨ) 312±10 ਕਿ.ਮੀ. |
| ਨਜ਼ਦੀਕੀ ਰੇਲਵੇ ਸਟੇ: | : | ਰਿਸ਼ੀਕੇਸ਼ 295 ਕਿ.ਮੀ |
| ਤਾਪਮਾਨ | : | (ਵੱਧ)7-10 (ਘੱਟ)1.5-2-ਸੈੱਲ. |

**ਹੇਮਕੁੰਟ ਸਾਹਿਬ**

| | | |
|---|---|---|
| ਗੋਬਿੰਦ ਧਾਮ ਤੋਂ | : | 6 ਕਿ.ਮੀ. (ਪੈਦਲ ਯਾਤਰਾ) |
| ਗੋਬਿੰਦ ਘਾਟ ਤੋਂ | : | 19 ਕਿ. ਮੀ. (ਪੈਦਲ ਯਾਤਰਾ) |
| ਰਿਸ਼ੀਕੇਸ਼ ਤੋਂ | : | 295 ਕਿ. ਮੀ. |
| ਹਰਿਦੁਆਰ ਤੋਂ | : | 319 ਕਿ. ਮੀ. |
| ਅੰਮ੍ਰਿਤਸਰ ਤੋਂ | : | 730 ਕਿ.ਮੀ. |
| ਦਿੱਲੀ ਤੋਂ | : | 639 ਕਿ.ਮੀ. |

## ਨਾਲ ਲਿਜਾਣ ਲਈ ਜ਼ਰੂਰੀ ਸਾਮਾਨ

ਰੇਨ ਕੋਟ/ਵਿੰਡਚੀਟਰ, ਫਸਟ-ਏਡ ਕਿੱਟ, ਪਾਣੀ ਦੀ ਬੋਤਲ, ਸਵੈਟਰ, ਦਸਤਾਨੇ, ਗੁਲੂਬੰਦ, ਕੱਪੜੇ ਦੇ ਬੂਟ, ਕੈਂਚੀ ਚੱਪਲ ਆਦਿ। ਟਾਰਚ ਅਤੇ ਸੈੱਲ (ਗੋਬਿੰਦ ਧਾਮ 'ਤੇ ਬਿਜਲੀ ਦਾ ਪ੍ਰਬੰਧ ਰਾਤ 10.00 ਵਜੇ ਤਕ ਹੀ ਹੁੰਦਾ ਹੈ ਸੋ ਟਾਰਚ ਬਹੁਤ ਜ਼ਰੂਰੀ ਹੈ)



# ਹਰਿਦੁਆਰ

www.hemkunt.in/haridwar

ਜ਼ਿਲਾ : ਹਰਿਦੁਆਰ — ਪਿੰਨ ਕੋਡ : 249401

ਪ੍ਰਾਂਤ : ਉਤ੍ਰਾਖੰਡ — ਐੱਸ.ਟੀ.ਡੀ. : 01334

ਹੇਮਕੁੰਟ ਸਾਹਿਬ ਦੀ ਯਾਤਰਾ ਲਈ ਪਹਿਲਾ ਪੜਾਅ ਹਰਿਦੁਆਰ/ਰਿਸ਼ੀਕੇਸ਼ ਹੈ। ਹਰਿਦੁਆਰ ਤੋਂ ਰਿਸ਼ੀਕੇਸ਼ ਤਕ ਲੋਕਲ ਬੱਸਾਂ ਜਾਂ ਆਟੋਰਿਕਸ਼ਾ ਰਾਹੀਂ ਅੰਦਾਜ਼ਨ ਅੱਧੇ ਘੰਟੇ ਵਿੱਚ ਜਾਇਆ ਜਾ ਸਕਦਾ ਹੈ (ਪਰ ਟੈਫ੍ਰਿਕ ਦੀ ਸੱਮਸਿਆ ਕਾਰਨ, ਸਮਾਂ ਕਦੀ-ਕਦੀ 2 ਘੰਟੇ ਜਾਂ ਵੱਧ ਵੀ ਲੱਗ ਜਾਂਦਾ ਹੈ)। ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਹਰਿਦੁਆਰ ਤੋਂ 12-13 ਕਿ.ਮੀ. ਦੀ ਦੂਰੀ 'ਤੇ ਰਸਤੇ ਵਿੱਚ ਡੋਈਵਾਲਾ (ਰਾਇਵਾਲਾ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ, ਨੇਪਾਲੀ ਫਾਰਮ) ਤੋਂ ਖੱਬੇ ਹੱਥ, ਰਸਤਾ ਦੇਹਰਾਦੂਨ, ਮਨਸੂਰੀ, ਗੁਰਦੁਆਰਾ ਪਾਉਂਟਾ ਸਾਹਿਬ, ਸ਼ਿਮਲੇ ਅਤੇ ਚੰਡੀਗੜ੍ਹ ਵੱਲ ਮਿਲਦਾ ਹੈ। ਡੋਈਵਾਲਾ ਤੋਂ ਦੇਹਰਾਦੂਨ ਅੰਦਾਜ਼ਨ 40 ਕਿ.ਮੀ. ਅਤੇ ਪਾਉਂਟਾ ਸਾਹਿਬ ਅੰਦਾਜ਼ਨ 90 ਕਿ.ਮੀ. ਹੈ। ਹਰਿਦੁਆਰ ਅੰਮ੍ਰਿਤਸਰ ਤੋਂ ਅੰਦਾਜ਼ਾ 410 ਕਿ.ਮੀ. ਹੈ।

ਪਹਿਲਾ ਪੜਾਅ ਸ੍ਰੀ ਨਗਰ (ਰਿਸ਼ੀਕੇਸ਼ ਤੋਂ ਅੰਦਾਜਨ 115 ਕਿ.ਮੀ.) ਵਿਖੇ ਵੀ ਕੀਤਾ ਜਾ ਸਕਦਾ ਹੈ। ਸ੍ਰੀਨਗਰ ਤੋਂ ਹੇਮਕੁੰਟ ਸਾਹਿਬ ਅੰਦਾਜਨ 180 ਕਿ.ਮੀ. ਹੈ।

## ਗੱਡੀਆਂ[1] ਅੰਮ੍ਰਿਤਸਰ ਤੋਂ ਹਰਿਦੁਆਰ

| Train No. | Train Name | Runs From | Runs On | | | | | | |
|---|---|---|---|---|---|---|---|---|---|
| | | | M | T | W | T | F | S | S |
| 14632 | ASR DDN EXPRESS | Amritsar | Y | Y | Y | Y | Y | Y | Y |

| Station Name | Arrival | Departure | Distance |
|---|---|---|---|
| AMRITSAR JN | Source | 22:10 | 0 |
| JALANDHAR CANT | 0:01 | 0:03 | 84 |
| LUDHIANA JN | 1:10 | 1:20 | 136 |
| SIRHIND JN | 2:20 | 2:22 | 196 |
| AMBALA CANT JN | 3:17 | 3:25 | 250 |
| SAHARANPUR | 5:00 | 5:10 | 331 |
| HARIDWAR JN | 7:50 | 8:30 | 411 |
| RAIWALA | 8:53 | 8:55 | 422 |
| DEHRADUN | 10:35 | -- | 463 |

ਗੱਡੀ ਨੰ: 14632 ਅੰਮ੍ਰਿਤਸਰ ਤੋਂ ਦੇਹਰਾਦੂਨ ਜਾਂਦੀ ਹੈ। ਜਿਹੜੇ ਯਾਤਰੂ ਹਰਿਦੁਆਰ ਨਾਂ ਰੁਕਕੇ ਸਿੱਧੇ ਰਿਸ਼ੀਕੇਸ਼ ਜਾਣਾ ਚਾਹੁੰਦੇ ਹਨ ਉਹ ਰਾਇਵਾਲਾ (ਹਰਿਦੁਆਰ-ਰਿਸ਼ੀਕੇਸ਼ ਮਾਰਗ 'ਤੇ) ਤਕ ਇਸ ਗੱਡੀ 'ਤੇ ਜਾ ਸਕਦੇ ਹਨ। ਰਾਇਵਾਲਾ ਤੋਂ ਰਿਸ਼ੀਕੇਸ਼ ਦਾ ਗੁਰਦੁਆਰਾ ਸਾਹਿਬ ਸਿਰਫ 12-14 ਕਿ.ਮੀ. ਹੈ। ਆਟੋ ਇਥੋਂ ਆਮ ਮਿਲ ਜਾਂਦੇ ਹਨ।

1 ਟਾਈਮ-ਟੇਬਲ ਭਾਰਤੀ ਰੇਲਵੇ ਦੀ ਵੈੱਬਸਾਈਟ (www.indianrail.gov.in/) 'ਤੇ ਆਧਾਰਿਤ ਹਨ।



| Train No. | Train Name | Runs From | Runs On | | | | | | |
|---|---|---|---|---|---|---|---|---|---|
| | | | M | T | W | T | F | S | S |
| 12054 | ASR HW JNSHTBDI | Amritsar | Y | Y | Y | N | Y | Y | Y |

| Station | Source | Departure | Distance |
|---|---|---|---|
| ASR | | 6:50 | 0 |
| BEAS | 7:18 | 7:20 | 43 |
| JALANDHAR | 7:58 | 8:03 | 79 |
| PHAGWARA | 8:19 | 8:21 | 100 |
| LUDHIANA | 8:58 | 9:03 | 136 |
| SIRHIND | 10:00 | 10:02 | 196 |
| AMBALA | 10:55 | 11:05 | 250 |
| YAMUNANAGAR | 11:41 | 11:43 | 301 |
| SAHARANPUR | 12:23 | 12:28 | 331 |
| ROORKEE | 12:58 | 13:00 | 366 |
| HARIDWAR | 14:10 | -- | 407 |

## ਹਰਿਦੁਆਰ ਵਿਖੇ ਗੁਰਦੁਆਰਾ ਸਾਹਿਬਾਨ

**ਗੁ: ਹੇਮਕੁੰਟ ਸਾਹਿਬ ਟ੍ਰਸਟ**

ਫੋਨ : +91 (1334) 227 749, 75002 41977

29º56'51.90"N 78º9'9.64"E

ਇਹ ਗੁਰਦੁਆਰਾ ਰੇਲਵੇ ਸਟੇਸ਼ਨ ਦੀ ਬੈਕ ਸਾਈਡ' ਤੇ ਰੇਲਵੇ ਕੁਆਟਰਜ਼, ਨਿਰਮਲਾ ਛਾਉਣੀ ਵਿਖੇ ਹੈ। ਰੇਲ ਗੱਡੀ ਤੋਂ ਉਤਰ ਕੇ ਮੇਨ ਰੋਡ ਵੱਲ ਜਾਣ ਦੀ ਬਜਾਏ ਪਿਛਲੇ ਪਾਸੇ ਆਫੀਸਰਜ਼ ਰੈਸਟ ਹਾਊਸ ਵੱਲੋਂ ਨਿਕਲ ਕੇ ਸੱਜੇ ਹੱਥ ਦੂਸਰੀ ਗਲੀ ਵਿਚ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ ਹੇਮਕੁੰਟ ਸਾਹਿਬ ਟ੍ਰਸਟ ਨਿਭਾਅ ਰਿਹਾ ਹੈ।ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਤੋਂ ਪੈਦਲ 5-10 ਮਿੰਟ ਵਿੱਚ ਪਹੁੰਚਿਆ ਜਾ ਸਕਦਾ ਹੈ।

**ਗੁ: ਸ੍ਰੀ ਗੁਰੂ ਸਿੰਘ ਸਭਾ**

ਫੋਨ : +91 (1334) 228760, +91 (956) 827 0706

ਰੇਲਵੇ ਸਟੇਸ਼ਨ ਤੋਂ ਲਲਤਾਰਾ (ਲਲਤਾਰੋ) ਪੁਲ ਵੱਲ ਜਾਂਦਿਆਂ, ਪੁਲ ਤੋਂ ਖੱਬੇ ਹੱਥ ਮੁੜ ਕੇ, ਅਤੇ ਫਿਰ ਖੱਬੇ ਹੱਥ ਮੁੜ ਕੇ ਹੈ। ਰੇਲਵੇ ਸਟੇਸ਼ਨ ਤੋਂ ਪੈਦਲ 10-15 ਮਿੰਟ ਦੀ ਦੂਰੀ' ਤੇ ਹੈ। **ਗੂਗਲ' ਤੇ ਸੰਭਾਵਿਤ ਲੋਕੇਸ਼ਨ 29º56'59.46"N 78º9'33.49"E ਹੈ।**

**ਗੁਰਦੁਆਰਾ ਸਤੀ ਘਾਟ**

ਫੋਨ : +91 (989) 734 9321

ਇਹ ਗੁਰਦੁਆਰਾ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਸੇ ਹੀ ਜਗ੍ਹਾ 'ਤੇ ਸਤੀ ਪ੍ਰਥਾ ਦਾ ਅੰਤ

ਕੀਤਾ ਸੀ। ਇਹ ਗੁਰਦੁਆਰਾ ਸਤੀ ਘਾਟ ਦੇ ਬਿਲਕੁਲ ਨਾਲ ਗੰਗਾ ਦੇ ਕਿਨਾਰੇ, ਮਿਆਰੀਆਂ ਮੁਹੱਲਾ, ਕਨਖਲ ਵਿਖੇ ਸਥਿਤ ਹੈ। ਰਾਤ ਠਹਿਰਨ ਅਤੇ ਲੰਗਰ ਦਾ ਇੰਤਜ਼ਾਮ ਨਹੀਂ ਹੈ। **ਗੂਗਲ ਅਰਥ' ਤੇ ਗੁਰਦੁਆਰਾ ਸਾਹਿਬ ਦੀ ਸਥਿਤੀ 29º55'34.79"N 78º8'58.564"E ਹੈ।**

### ਗੁਰਦੁਆਰਾ ਸ੍ਰੀ ਨਾਨਕ ਪੁਰਾ ਆਸ਼ਰਮ

ਫੋਨ : +91 (983) 765 1045, +91 (1334) 2260 202




ਇਹ ਗੁਰਦੁਆਰਾ ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਗੰਗਾ ਘਾਟ ਤੋਂ ਪਾਰ ਸਪਤਰਿਸ਼ੀ ਮਾਰਗ' ਤੇ ਸਥਿਤ ਹੈ ਅਤੇ ਸਟੇਸ਼ਨ ਤੋਂ ਤਕਰੀਬਨ 5.00 ਕਿ.ਮੀ. ਦੀ ਦੂਰੀ' ਤੇ ਹੈ। ਇਸ ਦੀ ਸੇਵਾ ਸੰਤ ਬਾਬਾ ਜੈਮਲ ਸਿੰਘ ਜੀ ਦੀ ਗੱਦੀ 'ਤੇ ਸੰਤ ਬਾਬਾ ਬਚਨ ਸਿੰਘ ਜੀ ਭੂਰੀ ਵਾਲੇ ਨਿਭਾਅ ਰਹੇ ਹਨ। ਇਹ ਗੁਰਦੁਆਰਾ ਤਕਰੀਬਨ 40 ਸਾਲ ਪੁਰਾਣਾ ਹੈ। ਸੰਗਤ ਦੇ ਠਹਿਰਨ ਅਤੇ ਲੰਗਰ ਦਾ ਇੰਤਜ਼ਾਮ ਹੈ। **ਗੂਗਲ 'ਤੇ ਸਥਿਤੀ 29º58'45.60"N 78º11'14.59"E ਹੈ।**

## ਹਰਿਦੁਆਰ ਵਿਖੇ ਕੁਝ ਜ਼ਰੂਰੀ ਫੋਨ ਨੰਬਰ

| | | |
|---|---|---|
| DC Haridwar | : | 239440, 239554 |
| Distt. Magistrate | : | 226400, 221663 |
| **Ambulance** | | |
| City Hospital | : | 220182 |
| Civil Hospital | : | 227791 |
| Lions Club | : | 98370-28115, 251475 |
| Sewa Smiti | : | 227052 |
| **Hospitals** | | |
| City Hospital | : | 220180-82 |
| **Police** | | |
| SSP Haridwar | : | 239777, 239866 |
| SP City Haridwar | : | 224922 |
| Police Control Room | : | 100, 223980, 225900 |
| Kotwali | : | 227775 |
| **Others** | | |
| Railway Enquiry | : | 131, 225931 |
| Roadways Enquiry | : | 227037 |
| Fire | : | 227007, 101 |
| Post Office | : | 227025 |
| Air Booking | : | 228672, 227266 |





# ਪਾਉਂਟਾ ਸਾਹਿਬ

www.hemkunt.in/paonta Ph: (01704) 222348, 222668

30°26'07.0"N 77°37'19.9"E

ਜ਼ਿਲਾ : ਸਿਰਮੌਰ    ਪਿੰਨ ਕੋਡ : 173025

ਪ੍ਰਾਂਤ : ਹਿਮਾਚਲ ਪ੍ਰਦੇਸ਼    ਐਸ. ਟੀ. ਡੀ. : 01704





ਅੰਮ੍ਰਿਤਸਰ ਤੋਂ ਚੰਡੀਗੜ੍ਹ ਰਾਹੀਂ ਹੇਮਕੁੰਟ ਸਾਹਿਬ ਜਾਂਦਿਆਂ ਰਸਤੇ ਵਿਚ ਚੰਡੀਗੜ੍ਹ ਤੋਂ ਅੱਗੇ ਨਾਹਨ ਦੇ ਨਜ਼ਦੀਕ ਇਹ ਇਤਿਹਾਸਕ ਗੁਰਦੁਆਰਾ ਆਉਂਦਾ ਹੈ।

ਸੰਮਤ 1742 ਵਿੱਚ ਦਸਮ ਪਿਤਾ ਨੇ ਨਾਹਨ ਦੇ ਰਾਜੇ ਤੋਂ ਜ਼ਮੀਨ ਖ਼੍ਰੀਦ ਕੇ ਜਮਨਾ ਕਿਨਾਰੇ ਇਹ ਨਗਰ ਵਸਾਇਆ, ਜਿਸ ਦਾ ਨਾਮ ਪਾਂਵਟਾ (ਹੁਣ ਪਾਉਂਟਾ ਸਾਹਿਬ) ਰੱਖਿਆ। ਭੰਗਾਣੀ ਦਾ ਯੁੱਧ ਵੀ ਇਸੇ ਹੀ ਅਸਥਾਨ 'ਤੇ ਹੋਇਆ ਸੀ। ਇਥੇ ਹੀ ਗੁਰੂ ਸਾਹਿਬ ਨੇ **ਜਾਪੁ ਸਾਹਿਬ, ਸਵੱਯੇ, ਚੰਡੀ ਦੀ ਵਾਰ** ਅਤੇ ਹੋਰ ਬਾਣੀਆਂ ਉਚਾਰੀਆਂ। ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬ ਨਾਲ ਸੰਬੰਧਿਤ ਪੁਰਾਤਨ ਸ਼ਸਤਰ ਵੀ ਸ਼ਸ਼ੋਭਿਤ ਹਨ।

| | | | |
|---|---|---|---|
| ਪਾਉਂਟਾ ਸਾਹਿਬ ਤੋਂ | ਦਿੱਲੀ | : | 250 ਕਿ.ਮੀ. |
| | ਰਿਸ਼ੀਕੇਸ਼ | : | 95±5 ਕਿ.ਮੀ. |
| | ਚੰਡੀਗੜ੍ਹ | : | 125 ਕਿ.ਮੀ. |
| | ਦੇਹਰਾਦੂਨ | : | 50±5 ਕਿ.ਮੀ. |







## Important Phone Numbers (Paonta Sahib)

| | | |
|---|---|---|
| SDM | : | 224100, 94180 74123 |
| D.S.P. | : | 94180 42888 |
| Police Station | : | 100, 222322 |
| Civil Hospital | : | 222327 |
| Fire | : | 208054 |
| Ambulance | : | 93187 01217, 98051 97266 |

## ਪਾਉਂਟਾ ਸਾਹਿਬ ਵਿਖੇ ਹੋਰ ਇਤਿਹਾਸਕ ਗੁਰਦੁਆਰੇ

1. ਗੁ: ਸ਼ੇਰਗਾਹ ਸਾਹਿਬ
2. ਗੁ: ਛਾਉਣੀ ਵਾਲਾ
3. ਗੁ: ਤੀਰਗੜ੍ਹੀ ਸਾਹਿਬ
4. ਗੁ: ਰਣਥੰਮ੍ਹ ਸਾਹਿਬ
5. ਗੁ: ਭੰਗਾਣੀ ਸਾਹਿਬ

# ਦੇਹਰਾਦੂਨ

www.hemkunt.in/dehradun
30°18'60.0"N 78°01'51.2"E



ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਾਓਂਟਾ ਸਾਹਿਬ ਦੀ ਫੇਰੀ ਦੌਰਾਨ ਕੁਝ ਸਮਾਂ ਇਥੇ ਵੀ ਬਿਤਾਇਆ । ਇਲਾਕੇ ਦੀ ਸੰਗਤ ਨੇ ਗੁਰੂ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਸਭਾ ਉਸਾਰਿਆ । ਆੜ੍ਹਤ ਬਜ਼ਾਰ ਵਿਖੇ ਉਸਾਰੇ ਗਏ ਇਸ ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਲੰਗਰ ਦਾ ਪ੍ਰਬੰਧ ਵੀ ਹੈ। ਫੋਨ ਨੰਬਰ 2624331 ਅਤੇ 3292512 ਹਨ। ਹੇਮਕੁੰਟ ਸਾਹਿਬ ਲਈ ਦੇਹਰਾਦੂਨ ਤਕ ਹਵਾਈ ਸਫਰ ਵੀ ਕੀਤਾ ਜਾ ਸਕਦਾ ਹੈ।

# ਰਿਸ਼ੀਕੇਸ਼

www.hemkunt.in/rishikesh
30°06'45.4"N 78°18'12.3"E

| | | |
|---|---|---|
| ਜ਼ਿਲਾ : ਦੇਹਰਾਦੂਨ | ਫੋਨ: 0135-2430229 | ਪ੍ਰਾਂਤ : ਉੱਤ੍ਰਾਖੰਡ |
| ਪਿੰਨ ਕੋਡ : 249201 | 75002 41970 | ਐੱਸ.ਟੀ.ਡੀ. : 0135 |





ਗੁਰਦੁਆਰਾ ਸਾਹਿਬ ਬੱਸ ਅੱਡੇ ਤੋਂ ਦੋ ਕਿ.ਮੀ. ਤੋਂ ਵੀ ਘੱਟ ਦੂਰੀ 'ਤੇ ਲਛਮਨ ਝੂਲਾ ਰੋਡ 'ਤੇ ਸਥਿਤ ਹੈ। ਰਿਸ਼ੀਕੇਸ਼ ਦੇ ਗੁਰਦੁਆਰਾ ਸਾਹਿਬ ਵਿਖੇ ਰਾਤ ਵਿਸ਼ਰਾਮ ਉਪਰੰਤ ਸਵੇਰੇ 4.00-4.30 ਵਜੇ ਤੋਂ ਸੰਗਤਾਂ ਬੱਸਾਂ, ਟੈਕਸੀਆਂ ਰਾਹੀਂ ਗੁਰਦੁਆਰਾ ਗੋਬਿੰਦ ਘਾਟ ਵੱਲ ਚਾਲੇ ਪਾ ਦਿੰਦੀਆਂ ਹਨ। ਬੱਸਾਂ ਅਤੇ ਟੈਕਸੀਆ ਦੀ ਬੁਕਿੰਗ ਇੱਕ ਦਿਨ ਪਹਿਲਾਂ ਵੀ ਕਰਵਾਈ ਜਾ ਸਕਦੀ ਹੈ। ਟੈਕਸੀਆਂ ਦੀ ਬੁਕਿੰਗ ਲਈ ਟੈਕਸੀਆਂ ਵਾਲੇ ਸ਼ਾਮ ਵੇਲੇ ਅਕਸਰ ਗੁਰਦੁਆਰਾ ਸਾਹਿਬ ਦੇ ਗੇਟ ਤੇ ਖੜੇ ਮਿਲ ਜਾਂਦੇ ਹਨ। ਟੈਕਸੀਆਂ ਰਾਹੀਂ ਇਹ ਸਫਰ ਤਕਰੀਬਨ 9.00-9.30 ਘੰਟੇ ਦਾ ਹੈ। ਬੱਸਾਂ ਟੈਕਸੀਆਂ ਦੇ ਮੁਕਾਬਲੇ ਅੰਦਾਜ਼ਨ 2.00-3.00 ਘੰਟੇ ਵੱਧ ਲੈਂਦੀਆਂ ਹਨ।

## ਇਸ ਯਾਤਰਾ ਦੌਰਾਨ ਰਸਤੇ ਵਿੱਚ

- ਸ੍ਰੀ ਨਗਰ (ਰਿਸ਼ੀਕੇਸ਼ ਤੋਂ 105 ਕਿ.ਮੀ.)
  ਫੋਨ: 01346-252203, 75002 41975
- ਨਗਰਾਸੂ (ਸ੍ਰੀ ਨਗਰ ਤੋਂ 45-50 ਕਿ.ਮੀ.)
- ਜੋਸ਼ੀ ਮੱਠ (ਨਗਰਾਸੂ ਤੋਂ 95-100 ਕਿ.ਮੀ.)
  ਫੋਨ:01389-222121, 75002 41976

ਵਿਖੇ ਗੁਰਦੁਆਰਾ ਸਾਹਿਬ ਮੌਜੂਦ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਰਿਹਾਇਸ਼, ਲੰਗਰ ਅਤੇ ਫਸਟ-ਏਡ ਦਾ ਇੰਤਜ਼ਾਮ ਵੀ ਹੈ। ਜਿਹੜੀਆਂ ਸੰਗਤਾਂ ਰਿਸ਼ੀਕੇਸ਼ ਤੋਂ ਸਵੇਰੇ ਨਹੀਂ ਤੁਰ ਸਕੀਆਂ ਹੁੰਦੀਆਂ, ਉਹ ਰਸਤੇ ਵਿੱਚ ਸ੍ਰੀ ਨਗਰ ਜਾਂ ਨਗਰਾਸੂ ਦੇ ਗੁਰਦੁਆਰਾ ਸਾਹਿਬ ਵਿੱਚ ਰਾਤ ਵਿਸ਼ਰਾਮ ਕਰਨ ਉਪਰੰਤ ਸਵੇਰੇ ਤੁਰ ਸਕਦੀਆਂ ਹਨ। ਸ੍ਰੀ ਨਗਰ ਅਤੇ ਜੋਸ਼ੀ ਮੱਠ ਵਿਖੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਨਗਰਾਸੂ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ ਬਾਬਾ ਬੇਅੰਤ ਸਿੰਘ ਜੀ ਬੇਕਰਲਾਂ (ਲੁਧਿਆਣਾ) ਵਾਲੇ ਨਿਭਾਅ ਰਹੇ ਹਨ। ਗੁਰਦੁਆਰਾ ਸਾਹਿਬ ਦਾ ਮੋਬਾਇਲ ਨੰਬਰ 094170-07273 ਹਨ। ਇਥੇ ਡਿਸਪੈਂਸਰੀ ਵਿਖੇ ਸ਼ਾਮ 5.00 ਤੋਂ 7.30 ਵਜੇ ਤੱਕ ਦਵਾਈ ਮੁਫਤ ਦਿੱਤੀ ਜਾਂਦੀ ਹੈ।

ਗੁਰਦੁਆਰਾ ਸਾਹਿਬ ਦੇ ਨਜ਼ਦੀਕ ਮਾਯਾਕੁੰਡ ਸਥਾਨ 'ਤੇ ਨਿਰਮਲ ਆਸ਼ਰਮ ਹਸਪਤਾਲ ਮੌਜੂਦ ਹੈ। 120 ਬਿਸਤਰਿਆਂ ਵਾਲੇ ਇਸ ਮਲਟੀਸਪੈਸ਼ਲਟੀ ਸੈਕੰਡਰੀ ਕੇਅਰ ਹਸਪਤਾਲ ਵਿਚ ਐਮਰਜੈਂਸੀ ਸੇਵਾਵਾਂ 24 ਘੰਟੇ ਉਪਲਬਧ ਹਨ। ਇਥੇ ਮਰੀਜ਼ਾਂ ਦੀ ਦੇਖਭਾਲ ਦਾ ਵਧੀਆ ਅਤੇ ਵਾਜਿਬ ਫੀਸ 'ਤੇ ਇੰਤਜ਼ਾਮ ਹੈ। ਫੋਨ ਨੰਬਰ: 0135-2430942, 2432215 ਹਨ।

## ਰਿਸ਼ੀਕੇਸ਼ ਤੋਂ

| | | | |
|---|---|---|---|
| ਸ੍ਰੀ ਨਗਰ | 105 ਕਿ. ਮੀ. | ਕਰਨ ਪ੍ਰਯਾਗ | 172 ਕਿ.ਮੀ. |
| ਜੋਸ਼ੀ ਮੱਠ | 252 ਕਿ.ਮੀ. | ਵਿਸ਼ਨੂੰ ਪ੍ਰਯਾਗ | 257 ਕਿ.ਮੀ. |
| ਗੋਬਿੰਦ ਘਾਟ | 273 ਕਿ.ਮੀ. | | |

ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਵੱਲ ਜਾਂਦਿਆਂ ਰਾਹ ਵਿਚ ਜੋਸ਼ੀਮੱਠ ਸਥਾਨ ਤੋਂ ਅੱਗੇ ਪਹਾੜੀ ਰਸਤਾ ਬਹੁਤ ਭੀੜਾ ਹੋ ਜਾਂਦਾ ਹੈ, ਅਤੇ ਦੋਨੋਂ ਪਾਸੇ ਦੀ ਟ੍ਰੈਫਿਕ ਇਕੋ ਸਮੇਂ



ਯਾਤਰਾ ਦੇ ਰਸਤੇ ਵਿਚ ਲੰਗਰ

ਨਹੀਂ ਚਲ ਸਕਦੀ। ਇਸ ਲਈ ਟ੍ਰੈਫਿਕ ਇਕ-ਪਾਸੜ ਕਰ ਦਿੱਤੀ ਜਾਂਦੀ ਹੈ ਤਾਂ ਕਿ ਕੋਈ ਦੁਰਘਟਨਾ ਨਾ ਵਾਪਰ ਸਕੇ। ਪਹਿਲਾਂ ਇਕ ਪਾਸੇ ਦਾ ਟ੍ਰੈਫਿਕ ਤੋਰਿਆ ਜਾਂਦਾ ਹੈ ਅਤੇ ਦੂਸਰੇ ਪਾਸਿਓਂ ਗੇਟ ਬੰਦ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦੂਜੇ ਪਾਸਿਓਂ।

**ਗੇਟਾਂ ਦੇ ਸਮੇਂ ਇਸ ਤਰ੍ਹਾਂ ਹਨ:**

| ਜੋਸ਼ੀਮੱਠ ਤੋਂ ਗੋਬਿੰਦ ਘਾਟ | ਗੋਬਿੰਦ ਘਾਟ ਤੋਂ ਜੋਸ਼ੀ ਮੱਠ |
|---|---|
| 06.40 ਸਵੇਰ | 07.30 ਸਵੇਰ |
| 09.00 ਸਵੇਰ | 09.45 ਸਵੇਰ |
| 11.30 ਸਵੇਰ | 12.30 ਦੁਪਹਿਰ |
| 2.00 ਦੁਪਹਿਰ | 2.45 ਦੁਪਹਿਰ |
| 4.30 ਬਾਅਦ ਦੁਪਹਿਰ | 5.45 ਸ਼ਾਮ |

# ਗੋਬਿੰਦ ਘਾਟ

www.hemkunt.in/govindghat
30°37'29.3"N 79°33'28.5"E

ਫੋਨ ਨੰਬਰ: 01389-212293, 75002 41973

ਸਮੁੰਦਰ ਤਲ ਤੋਂ ਤਕਰੀਬਨ 6000 ਫੁੱਟ ਦੀ ਉਚਾਈ 'ਤੇ ਸਥਿਤ ਇਸ ਗੁਰਦੁਆਰਾ ਸਾਹਿਬ ਦੀ ਸਥਾਪਨਾ 1941 ਈ: ਦੇ ਆਸ-ਪਾਸ ਹੋਈ। ਇਸ ਅਸਥਾਨ 'ਤੇ ਸੰਗਤਾਂ ਆਪਣਾ ਸਾਮਾਨ ਆਦਿ ਜਮ੍ਹਾਂ ਕਰਵਾ ਕੇ ਟੋਕਨ ਲੈਂਦੀਆਂ ਹਨ। ਕਦੀ-ਕਦੀ ਤਾਂ ਸਾਮਾਨ ਜਮ੍ਹਾਂ ਕਰਵਾਉਣ ਲਈ 1.30 ਤੋਂ 2.00 ਘੰਟੇ ਦਾ ਸਮਾਂ ਵੀ ਲੱਗ ਜਾਂਦਾ ਹੈ। ਇਸ ਤੋਂ ਅੱਗੇ ਸੰਗਤਾਂ ਨੂੰ ਆਪਣਾ ਬਹੁਤ ਘੱਟ ਸਾਮਾਨ ਹੀ ਲੈ ਕੇ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਅੱਗੇ ਸਾਰਾ ਰਸਤਾ ਪੈਦਲ ਚੜ੍ਹਾਈ ਵਾਲਾ ਹੈ। ਇਸੇ ਅਸਥਾਨ ਤੋਂ ਸੰਗਤਾਂ ਆਪਣੇ ਘਰ, ਸਾਕ-ਸੰਬੰਧੀਆਂ ਲਈ ਪਿੰਨੀ ਪ੍ਰਸ਼ਾਦ ਲਿਜਾ ਸਕਦੀਆਂ ਹਨ। ਮਾਇਆ ਦੀ ਸੇਵਾ ਕਰਵਾਉਣ ਸਮੇਂ ਪਿੰਨੀ ਪ੍ਰਸ਼ਾਦ ਵਾਸਤੇ ਪਰਚੀ ਕੱਟਣ ਲਈ ਕਹਿਣਾ



ਚਾਹੀਦਾ ਹੈ, ਨਹੀਂ ਤਾਂ ਮਾਇਆ ਦੀ ਸੇਵਾ ਬਿਲਡਿੰਗ ਫੰਡ ਜਾਂ ਲੰਗਰ ਆਦਿ ਲਈ ਪ੍ਰਵਾਨ ਹੁੰਦੀ ਹੈ। ਗੁਰਦੁਆਰਾ ਸਾਹਿਬ ਵਿਖੇ ਯਾਤਰੂਆਂ ਦੇ ਰਹਿਣ ਦਾ, ਕੰਬਲਾਂ ਅਤੇ ਲੰਗਰ ਆਦਿ ਦਾ ਉੱਤਮ ਪ੍ਰਬੰਧ ਹੈ। ਗੋਬਿੰਦ ਘਾਟ ਤੋਂ ਅੱਗੇ ਗੋਬਿੰਦ ਧਾਮ ਵੱਲ ਪੈਦਲ ਚੜ੍ਹਾਈ ਦੀ ਸ਼ੁਰੂਆਤ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 13 ਕਿ.ਮੀ. ਹੈ ਅਤੇ ਅੰਦਾਜ਼ਨ 5.00 ਤੋਂ 6.00 ਘੰਟੇ ਲੱਗਦੇ ਹਨ। ਜੁਲਾਈ ਮੱਧ ਤੋਂ ਬਾਅਦ ਇੱਥੇ ਤਕਰੀਬਨ ਮੌਸਮ ਬਰਸਾਤ ਵਾਲਾ ਹੋ ਜਾਂਦਾ ਹੈ, ਸੋ ਰੇਨ ਕੋਟ/ਛਤਰੀਆਂ ਦੀ ਜ਼ਰੂਰਤ ਪੈਂਦੀ ਹੈ।

## ਚੜ੍ਹਾਈ ਚੜ੍ਹਦੇ ਸਮੇਂ ਸਿਹਤ ਸਬੰਧੀ ਸੁਝਾਅ:

- ਯਾਤਰਾ ਤੋਂ ਪਹਿਲਾਂ ਬਹੁਤਾ ਢਿੱਡ ਭਰ ਕੇ ਖਾਣਾ ਨਹੀਂ ਖਾਣਾ ਚਾਹੀਦਾ।
- ਯਾਤਰਾ ਸਮੇਂ ਕਦਮ ਛੋਟੇ-ਛੋਟੇ ਪੁੱਟਣੇ ਚਾਹੀਦੇ ਹਨ ਜਿਸ ਨਾਲ ਥਕਾਵਟ ਘੱਟ ਹੁੰਦੀ ਹੈ।
- ਯਾਤਰਾ ਸਮੇਂ ਕਿਸੇ ਜਗ੍ਹਾ 'ਤੇ ਜ਼ਿਆਦਾ ਦੇਰ ਨਹੀਂ ਰੁਕਣਾ ਚਾਹੀਦਾ, ਇਸ ਨਾਲ ਸਰੀਰ ਠੰਡਾ ਹੋ ਜਾਂਦਾ ਹੈ ਅਤੇ ਥਕਾਵਟ ਜ਼ਿਆਦਾ ਹੁੰਦੀ ਹੈ।
- ਚੜ੍ਹਾਈ ਦੌਰਾਨ ਪਸੀਨਾ ਵਗਣ ਨਾਲ ਸਰੀਰ ਵਿਚ ਹੋਣ ਵਾਲੀ ਲੂਣ ਦੀ ਕਮੀ ਨੂੰ ਦੂਰ ਕਰਨ ਲਈ ਥੋੜ੍ਹਾ ਗੁਲੂਕੋਜ਼ ਨਾਲ ਲੈ ਲੈਣਾ ਚਾਹੀਦਾ ਹੈ।
- ਪਾਣੀ ਢਿੱਡ ਭਰ ਕੇ ਨਹੀਂ ਪੀਣਾ ਚਾਹੀਦਾ, ਹੋ ਸਕੇ ਤਾਂ ਸੁੱਕਦੇ ਮੂੰਹ ਨੂੰ ਨਿਰੀ ਚੂਲੀ ਕਰ ਕੇ ਹੀ ਕੰਮ ਚਲਾਉਣਾ ਚਾਹੀਦਾ ਹੈ।
- ਸਾਫਟ ਡ੍ਰਿੰਕਸ (ਕੋਕ, ਪੈਪਸੀ ਆਦਿ) ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ।
- ਜੇ ਤੁਹਾਡੀ ਯਾਤਰਾ ਪਹਿਲਾਂ ਤੋਂ ਨਿਰਧਾਰਤ ਹੋਵੇ ਤਾਂ 15-20 ਦਿਨ ਪਹਿਲਾਂ 2-4 ਕਿ.ਮੀ. ਰੋਜ਼ਾਨਾ ਸੈਰ ਕਰੋ ਤਾਂ ਜੋ ਚੜ੍ਹਾਈ ਚੜ੍ਹਦੇ ਸਮੇਂ ਮੁਸ਼ਕਿਲ ਨਾ ਹੋਵੇ।
- ਐਸਥੇਮੈਟਿਕ ਸਾਹ ਜਾਂ ਅਲਰਜੀ ਨਾਲ ਸਬੰਧਤ, ਹਾਈ ਬਲੱਡ ਪ੍ਰੈਸ਼ਰ, ਦਿਲ ਸਬੰਧੀ ਰੋਗਾਂ ਵਾਲੇ ਮਰੀਜ਼ ਡਾਕਟਰ ਤੋਂ ਸਲਾਹ ਲੈਣ ਤੋਂ ਬਾਅਦ ਹੀ ਯਾਤਰਾ ਸ਼ੁਰੂ ਕਰਨ।



- ਚੜ੍ਹਾਈ ਚੜ੍ਹਦੇ ਸਮੇਂ ਧਿਆਨ ਰੱਖਣਯੋਗ ਗੱਲਾਂ:
- ਚੜ੍ਹਾਈ ਸਮੇਂ ਰਸਤੇ ਵਿੱਚ ਖਾਣ-ਪੀਣ ਦੀਆਂ ਦੁਕਾਨਾਂ, ਤੇ ਹਰ ਚੀਜ਼ ਦੇ ਰੇਟ ਕਾਫੀ ਜ਼ਿਆਦਾ ਹੁੰਦੇ ਹਨ। ਹੋ ਸਕੇ ਤਾਂ ਖਾਣ-ਪੀਣ ਦਾ ਥੋੜ੍ਹਾ-ਬੁਹਤ ਸਾਮਾਨ ਪਹਿਲਾਂ ਹੀ ਲੈ ਲੈਣਾ ਚਾਹੀਦਾ ਹੈ।
- ਯਾਤਰਾ ਸਮੇਂ ਜੇ ਹੋ ਸਕੇ ਤਾਂ ਸੋਣ ਲਈ ਦੋ ਚੱਦਰਾਂ ਇਕ ਥੱਲੇ ਅਤੇ ਇਕ ਉੱਪਰ ਲਈ ਨਾਲ ਲੈ ਲੈਣਾ ਚਾਹੀਦੀਆਂ ਹਨ, ਇਸ ਨਾਲ ਛੂਤ ਨਾਲ ਫੈਲਣ ਵਾਲੀਆਂ ਬੀਮਾਰੀਆਂ ਤੋਂ ਕੁਝ ਕਾਬੂ ਪਾਇਆ ਜਾ ਸਕਦਾ ਹੈ।
- ਗਿੱਲੇ ਕੱਪੜੇ/ ਜੁਰਾਬਾਂ ਪਾ ਕੇ ਯਾਤਰਾ ਨਹੀਂ ਕਰਨੀ ਚਾਹੀਦੀ ਇਸ ਨਾਲ ਸਰੀਰ ਦੇ ਤਾਪਮਾਨ ਵਿਚ ਸਮਾਨਤਾ ਨਹੀਂ ਰਹਿੰਦੀ।

# ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਤੋਂ ਗੋਬਿੰਦ ਧਾਮ

www.hemkunt.in/govinddham
30°42'07.9"N 79°35'39.7"E

ਫੋਨ ਨੰਬਰ : 01381-226232, +91 - 75002 50236

ਗੋਬਿੰਦ ਧਾਮ (ਘਾਂਗਰੀਆ) ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਾਹ ਵਿੱਚ ਆਉਣ ਵਾਲਾ ਇਕ ਛੋਟਾ ਜਿਹਾ ਪਿੰਡ ਹੈ। ਇਹ ਲਕਸ਼ਮਨਗੰਗਾ ਦੇ ਨਾਮ ਨਾਲ ਵੀ ਜਾਣੇ ਜਾਂਦੇ ਪੁਸ਼ਪਾਵਤੀ ਦਰਿਆ ਦੇ ਕੰਢੇ 'ਤੇ ਸਥਿਤ ਇਕ ਛੋਟੀ ਜਿਹੀ ਘਾਟੀ ਇਹ ਆਖਰੀ ਮਨੁੱਖ ਆਵਾਸ ਮਈ ਤੋਂ ਅਕਤੂਬਰ ਤਕ ਹੀ ਖੁਲਦਾ ਹੈ, ਬਾਕੀ ਸਾਰਾ ਸਮਾਂ ਇਹ ਬਰਫ ਹੇਠ ਦੱਬਿਆ ਰਹਿੰਦਾ ਹੈ।

ਇਥੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾਅ ਰਹੀ ਹੈ। ਗੁਰਦੁਆਰਾ ਸਾਹਿਬ ਸਮੁੰਦਰ ਤਲ ਤੋਂ ਤਕਰੀਬਨ 10,000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਸ ਅਸਥਾਨ 'ਤੇ ਰਾਤ ਠਹਿਰਨ ਅਤੇ ਲੰਗਰ ਦਾ ਬਿਹਤਰੀਨ ਇੰਤਜ਼ਾਮ ਹੈ। ਗੁਰਦੁਆਰਾ ਸਾਹਿਬ ਵਿਖੇ ਬਿਜਲੀ ਦਾ ਪ੍ਰਬੰਧ ਜਰਨੇਟਰ ਰਾਹੀਂ ਹੁੰਦਾ ਹੈ, ਸੋ ਇਥੇ ਬਿਜਲੀ 24 ਘੰਟੇ ਨਹੀਂ ਹੁੰਦੀ। ਰਾਤ ਦੇ ਠੀਕ 10.00 ਵਜੇ ਜਰਨੇਟਰ ਬੰਦ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ ਬਿਲਕੁਲ ਘੁੱਪ ਹਨੇਰਾ ਛਾ ਜਾਂਦਾ ਹੈ। ਸੰਗਤਾਂ ਨੂੰ ਟਾਰਚਾਂ ਦਾ ਇੰਤਜ਼ਾਮ ਜ਼ਰੂਰ ਰੱਖਣਾ ਚਾਹੀਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਸਤੇ ਵਿੱਚ ਹੇਮਗੰਗਾ ਨਦੀ ਦੇ ਪੁਲ ਤੋਂ ਖੱਬੇ ਹੱਥ ਮੁੜ ਕੇ ਤਕਰੀਬਨ 4 ਕਿ.ਮੀ.'ਤੇ ਫੁੱਲਾਂ ਦੀ ਘਾਟੀ ਆਉਂਦੀ ਹੈ। ਰਾਤ ਵਿਸ਼ਰਾਮ



ਕਰਨ ਮਗਰੋਂ ਅਗਲੇ ਦਿਨ ਸਵੇਰੇ ਗੁਰਦੁਆਰਾ ਹੇਮਕੁੰਟ ਸਾਹਿਬ ਵੱਲ ਚੜ੍ਹਾਈ ਸ਼ੁਰੂ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 6 ਕਿ.ਮੀ. ਹੈ ਅਤੇ ਅੰਦਾਜ਼ਨ 3.00 ਤੋਂ 4.00 ਘੰਟੇ ਵਿੱਚ ਪੂਰੀ ਕੀਤੀ ਜਾ ਸਕਦੀ ਹੈ। ਦਰਸ਼ਨ ਕਰ ਕੇ ਉਸੇ ਦਿਨ ਵਾਪਸ ਗੋਬਿੰਦ ਧਾਮ ਵਿਖੇ ਪਹੁੰਚਣਾ ਹੁੰਦਾ ਹੈ। ਕਿਉਂਕਿ ਹੇਮਕੁੰਟ ਸਾਹਿਬ ਵਿਖੇ ਰਾਤ ਠਹਿਰਨ ਦਾ ਕੋਈ ਇੰਤਜ਼ਾਮ ਨਹੀਂ, ਅਤੇ ਸਾਹ ਲੈਣ ਵਾਸਤੇ ਆਕਸੀਜਨ ਵੀ ਪਰਿਆਪਤ ਮਾਤਰਾ ਵਿਚ ਨਹੀਂ ਹੁੰਦੀ।

ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਰੋਜ਼ਾਨਾ ਦੀ ਪਹਿਲੀ ਅਰਦਾਸ ਸਵੇਰੇ 9.00 ਵਜੇ, ਦੂਜੀ 11.00 ਵਜੇ ਅਤੇ ਤੀਸਰੀ ਅਰਦਾਸ 12.30 ਵਜੇ ਹੁੰਦੀ ਹੈ। ਸਮੇਂ ਅਨੁਸਾਰ ਇੰਨ੍ਹਾਂ ਸਮਿਆਂ ਵਿੱਚ 20-30 ਮਿੰਟ ਦੀ ਤਬਦੀਲੀ ਕੀਤੀ ਜਾਂਦੀ ਹੈ। ਗੋਬਿੰਦ ਧਾਮ ਤੋਂ ਸਵੇਰੇ 5.00-5.30 ਵਜੇ ਤੁਰ ਪੈਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਅਰਦਾਸਾਂ ਵਿੱਚ ਹਾਜ਼ਰੀ ਲਗਵਾਈ ਜਾ ਸਕੇ।

ਹੇਮਕੁੰਟ ਸਾਹਿਬ ਵਿਖੇ ਸੰਗਤਾਂ ਲਈ ਖਿਚੜੀ, ਚਾਹ, ਮੱਠੀਆਂ ਜਾਂ ਹੋਰ ਪਦਾਰਥਾਂ ਦਾ ਲੰਗਰ ਹਰ ਵੇਲੇ ਮਿਲਦਾ ਹੈ। ਹਰ ਯਾਤਰੂ ਨੂੰ ਸ਼ਰਧਾ ਅਤੇ ਪਹੁੰਚ ਮੁਤਾਬਕ **"ਘਾਲਿ ਖਾਇ ਕਿਛੁ ਹਥਹੁ ਦੇਇ"** ਦੇ ਮਹਾਂਵਾਕ ਅਨੁਸਾਰ ਸੁੱਕਾ ਦੁੱਧ, ਚਾਹ ਪੱਤੀ, ਖਾਣ-ਪੀਣ ਦਾ ਸਾਮਾਨ ਜਿਵੇਂ ਬ੍ਰੈੱਡ, ਮੱਠੀਆਂ ਜਾਂ ਸ਼ਰਧਾ ਮੁਤਾਬਿਕ ਹੋਰ ਪਦਾਰਥਾਂ ਆਦਿ ਦੀ ਸੇਵਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ।









# ਹੇਮਕੁੰਟ ਸਾਹਿਬ ਵਾਇਆ ਗੁ: ਮਿੱਠੇ ਰੀਠੇ ਅਤੇ ਗੁ: ਨਾਨਕਮਤਾ ਸਾਹਿਬ

ਅੰਮ੍ਰਿਤਸਰ ਜਾਂ ਦਿੱਲੀ ਤੋਂ ਨੈਨੀਤਾਲ ਸਾਈਡ ਤੋਂ ਹੇਮਕੁੰਟ ਸਾਹਿਬ ਜਾਂਦਿਆਂ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਹ ਦੋਵੇਂ ਇਤਿਹਾਸਕ ਗੁਰਦੁਆਰੇ ਆਉਂਦੇ ਹਨ।

## ਗੁਰਦੁਆਰਾ ਨਾਨਕ ਮਤਾ ਸਾਹਿਬ

ਗੁਰਦੁਆਰਾ ਸਾਹਿਬ ਉੱਤਰਾਖੰਡ ਦੇ ਜਿਲ੍ਹਾ ਉਧਮ ਸਿੰਘ ਨਗਰ ਵਿਚ ਖਟੀਮਾ-ਸਿਤਾਰਗੰਜ ਮਾਰਗ 'ਤੇ ਨਾਨਕਮਤਾ ਨਾਮ ਦੇ ਕਸਬੇ ਵਿਚ ਸਥਿਤ ਹੈ। ਇਹ ਜਗਾ ਖਟੀਮਾ ਤੋਂ 18 ਕਿ.ਮੀ. ਅਤੇ ਸਿਤਾਰਗੰਜ ਤੋਂ 12 ਕਿ.ਮੀ. ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਗੋਰਖਮਤਾ ਵਜੋਂ ਵੀ ਜਾਣਿਆ ਜਾਂਦਾ ਹੈ। 1508 ਈ: ਦੇ ਲਗਭਗ ਗੁਰੂ ਨਾਨਕ ਸਾਹਿਬ ਆਪਣੀ ਤੀਸਰੀ ਉਦਾਸੀ ਦੌਰਾਨ ਇਸ ਅਸਥਾਨ 'ਤੇ ਪੁੱਜੇ। ਇਸੇ ਹੀ ਅਸਥਾਨ 'ਤੇ ਗੁਰੂ ਸਾਹਿਬ ਦੀ ਗੋਰਖਨਾਥ ਦੇ ਚੇਲਿਆਂ ਨਾਲ ਸਿੱਧ ਗੋਸਟਿ ਹੋਈ।






ਇਸ ਅਸਥਾਨ 'ਤੇ ਗੁਰਦੁਆਰਾ ਬਉਲੀ ਸਾਹਿਬ, ਗੁਰਦੁਆਰਾ ਦੁੱਧ ਵਾਲਾ ਖੂਹ, ਗੁਰਦੁਆਰਾ ਧੂਣਾ ਸਾਹਿਬ ਅਤੇ ਗੁਰਦੁਆਰਾ ਭੋਰਾ ਸਾਹਿਬ ਵੀ ਸਥਿਤ ਹਨ। ਪੁਰਾਤਨ ਧਾਰਨਾਵਾਂ ਅਨੁਸਾਰ ਲੰਬੇ ਸਮੇਂ ਤੋਂ ਸੁਕਾ ਪਿਆ ਪਿੱਪਲ ਦਾ ਦਰਖਤ ਗੁਰੂ ਸਾਹਿਬ ਦੇ ਚਰਨ ਪੈਣ ਨਾਲ ਹਰਾ-ਭਰਾ ਹੋ ਗਿਆ, ਜਿਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਜੀ ਨੇ 'ਨਾਨਕ ਪ੍ਰਕਾਸ਼' ਗ੍ਰੰਥ ਵਿਚ ਵੀ ਕੀਤਾ ਹੈ।

ਗੁ: ਨਾਨਕਮਤਾ ਸਾਹਿਬ ਤੋਂ ਗੁ: ਰੀਠਾ ਸਾਹਿਬ ਅੰਦਾਜਨ 200 ਕਿ.ਮੀ. ਹੈ ਅਤੇ ਇਹ ਰਸਤਾ ਕਾਰ ਰਾਹੀਂ 5.30 - 6.00 ਘੰਟੇ ਵਿਚ ਤਹਿ ਹੁੰਦਾ ਹੈ। ਹੁਣ ਟਨਕਪੁਰ ਤੋਂ ਅੰਦਾਜ਼ਨ 12-15 ਕਿ.ਮੀ. ਅੱਗੇ ਸੁਖੀਡਾਂਗ ਨਾਮ ਦੇ ਅਸਥਾਨ ਤੋਂ ਇਕ ਨਵਾਂ ਰਸਤਾ ਖੋਜਿਆ ਗਿਆ ਹੈ ਜਿਸ ਨਾਲ ਇਹ ਸਫਰ ਅੰਦਾਜਨ ਅੱਧਾ ਰਹਿ ਜਾਂਦਾ ਹੈ। ਲੇਕਿਨ **ਰਸਤਾ** ਅਜੇ ਬਣ ਰਿਹਾ ਹੈ ਅਤੇ **ਬਹੁਤ ਖਤਰਨਾਕ ਹੈ, ਇਸ ਲਈ ਇਸ ਰਸਤੇ ਹੋ ਅਜੇ ਬਿਲਕੁਲ ਨਹੀਂ ਜਾਣਾ ਚਾਹੀਦਾ**।









CHINA
ਹੇਮਕੁੰਟ ਸਾਹਿਬ
Gurdwara Hemkunt Sahib
to Chandigarh 80 km from nahan
ਨਾਹਨ
Gurdwara Paonta Sahib
ਗੁ: ਪਾਉਂਟਾ ਸਾਹਿਬ
Dehradun
ਦੇਹਰਾਦੂਨ
Rishikesh
ਰਿਸ਼ੀਕੇਸ਼
ਦੇਵਪ੍ਰਯਾਗ Devprayag
ਸ੍ਰੀਨਗਰ Srinagar
ਰੁਦ੍ਰਪ੍ਰਯਾਗ Rudraprayag
ਕਰਨਪ੍ਰਯਾਗ Karanprayag
ਗੋਬਿੰਦਧਾਮ Govind Dham
ਗੋਬਿੰਦਘਾਟ Govind Ghat
ਵਿਸ਼ਨੂੰਪ੍ਰਯਾਗ Vishnuprayag
ਜੋਸ਼ੀਮੱਠ Joshimath
ਪੀਪਲਕੋਟੀ Pipalkoti
ਚਮੋਲੀ Chamoli
ਨੰਦਪ੍ਰਯਾਗ Nandprayag
Yamunanagar
ਯਮੁਨਾਨਗਰ
to Ambala
Saharanpur
ਸਹਾਰਨਪੁਰ
ਰੁੜਕੀ
Roorkee
ਹਰਿਦੁਆਰ
Haridwar
ਚੌਖੁਟੀਆ
Chaukhutiya
ਬੈਜਨਾਥ
Baijnath
ਬਾਗੇਸ਼ਵਰ Bageshwar
ਗੁਰਦੁਆਰਾ ਗੁਰੂ ਨਾਨਕ ਸਾਹਿਬ
ਗੁ: ਰੀਠਾ ਸਾਹਿਬ
Reetha Sahib
to Ambala 128 km from Shamli
ਨਜੀਬਾਬਾਦ
Najibabad
ਅਫਜਲਗੜ੍ਹ Afzalgarh
ਰਾਨੀਖੇਤ
Ranikhet
ਅਲਮੋੜਾ
Almora
ਸ਼ਾਮਲੀ
Shamli
ਬਿਜਨੌਰ
Bijnor
ਨਗੀਨਾ
ਰਾਮਨਗਰ
Ramnagar
ਨੈਨੀਤਾਲ
Nainital
ਸ਼ਹਰਫਾਟਕ
Shaharfatak
ਧੂਨਾਘਾਟ
Dhunaghat
ਲੋਹਾਘਾਟ
Lohaghat
ਚੰਪਾਵਤ
Champawat
100 ਕਿ.ਮੀ.
65 ਕਿ.ਮੀ.
ਕਾਸ਼ੀਪੁਰ
Kashipur
ਕਾਠਗੋਦਾਮ
Kathgodam
ਸੁਖੀਟਾਂਗ
Sukhittang
ਟਨਕਪੁਰ
Tanakpur
ਮੇਰਠ
Meerut
ਰੁਦ੍ਰਪੁਰ
Rudrapur
ਸਿਤਾਰਗੰਜ
Sitarganj
ਗੜ੍ਹਮੁਕਤੇਸ਼ਵਰ
Garhmukteshwar
ਮੁਰਾਦਾਬਾਦ
Moradabad
ਕਿਛਾ
Kichha
ਖਟੀਮਾ
NEPAL
ਨਵੀਂ ਦਿੱਲੀ
ਰਾਮਪੁਰ
Rampur
ਗੁ: ਨਾਨਕਮਤਾ ਸਾਹਿਬ
Gurdwara Nanakmata Sahib



# ਗੁਰਦੁਆਰਾ ਰੀਠਾ ਸਾਹਿਬ

ਗੁਰਦੁਆਰਾ ਸ੍ਰੀ ਰੀਠਾ ਸਾਹਿਬ, ਚੰਪਾਵਤ ਜਿਲ੍ਹੇ ਦੇ ਪਿੰਡ ਰੀਠਾ ਸਾਹਿਬ ਵਿਖੇ ਸਥਿਤ ਹੈ। ਆਪਣੀ ਉਦਾਸੀਆਂ ਦੌਰਾਨ ਗੁਰੁ ਨਾਨਕ ਦੇਵ ਜੀ ਇਸ ਅਸਥਾਨ 'ਤੇ ਪੁੱਜੇ, ਅਤੇ ਇਕ ਰੀਠੇ ਦੇ ਦਰਖਤ ਹੇਠ ਬੈਠ ਕੇ ਸਿੱਧਾਂ ਨਾਲ ਪਰਮਾਤਮਾ ਪ੍ਰਾਪਤੀ ਬਾਰੇ ਗਿਆਨ ਕੀਤੀ। ਭਾਈ ਮਰਦਾਨਾ ਜੀ ਨੇ ਭੁੱਖ ਲੱਗਣ 'ਤੇ ਭੋਜਨ ਦੀ ਮੰਗ ਕੀਤੀ। ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨਾ ਨੂੰ ਸਿੱਧਾਂ ਪਾਸੋਂ ਭੋਜਨ ਮੰਗਣ ਲਈ ਕਿਹਾ, ਲੇਕਿਨ ਸਿੱਧਾਂ ਨੇ ਸਾਫ ਕਿਹਾ ਕਿ ਤੇਰਾ ਗੁਰੂ ਐਨਾ ਪਹੁੰਚਿਆ ਹੋਇਆ ਹੈ ਤੁਸੀਂ ਉਸ ਨੂੰ ਕਹੋ ਕਿ ਉਹ ਭੋਜਨ ਦਾ ਇੰਤਜ਼ਾਮ ਕਰੇ। ਇਹ ਸੁਣ ਕੇ ਗੁਰੂ ਸਾਹਿਬ ਨੇ ਰੀਠੇ ਦੇ ਫਲ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਸ ਨਾਲ ਆਪਣੀ ਭੁੱਖ ਮਿਟਾ ਵੀ ਲਵੋ ਅਤੇ ਸਿੱਧਾਂ ਨੂੰ ਵੀ ਦੇ ਦਿਉ। ਜਿਸ ਵੇਲੇ ਇਹ ਰੀਠੇ ਦੇ ਫਲ ਉਤਾਰੇ ਗਏ ਤਾਂ ਰੀਠੇ ਦਾ ਕੋੜਾ ਫਲ ਵੀ ਸ਼ਹਿਦ ਵਰਗਾ ਮਿੱਠਾ ਹੋ ਗਿਆ।

ਰੀਠੇ ਦੇ ਇਸ ਦਰਖਤ ਨੂੰ ਅੱਜ ਵੀ ਰੀਠੇ ਮਿੱਠੇ ਹੀ ਲਗਦੇ ਹਨ। ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਇਹ ਰੀਠੇ ਪ੍ਰਸਾਦਿ ਵਜੋਂ ਦਿੱਤੇ ਜਾਂਦੇ ਹਨ।

